# ਆਪਣਾ ਹੀ ਸੰਸਾਂਰ

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਬੰਦਾ India 'ਚ' ਗਰੀਬੀ ਜਾ ਮਜਬੂਰੀ ਦਾ ਸ਼ਕਾਰ ਹੋਵੇ ।
Foreign Country ਜਾ ਕੰਮ ਕਰਨ ਦਾ ਵਿਚਾਰ ਹੋਵੇ ।
ਬਹੁਤ ਕੋਸ਼ਸਾ ਤੇ, ਬਾਰਹ ਜਾਣ ਦਾ ਟਿਕਟ ਤਿਆਰ ਹੋਵੇ ।
ਸੱਬ ਦੁਖ ਟੁਟ ਜਾਣ ਗੇ, ਮੰਨ 'ਚ' ਵਿਚਾਰ ਹੋਵੇ ।
ਦੇਖ ਹੁਣ ਬਾਹਰ ਆ, ਬੰਦਾ ਕਿਮੇ ਪੂਰਾ ਖੱਜਲ-ਖੁਆਰ ਹੋਵੇ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਫੌਰਨ ਪਹੁਚਣ ਤੇ, ਦੋਸਤ ਨਾਲ ਗਿਆ ਬੀਚ ਤੇ ਨਾਈਟ-ਕਲੱਬ ਹੋਵੇ ।
ਬੰਦੇ ਦਾ ਅੰਦਰੋ-ਅੰਦਰੀ ਉਚਾ ਪੱਬ ਹੋਵੇ ।
ਥੋੜੇ ਦਿਨਾਂ ਬਾਅਦ ਬੀਚ ਤੇ ਕਲੱਬਾ ਦਾ ਗੇੜਾ ਬੰਦ ਹੋਵੇ ।
ਕਿਸੇ ਦੋਸਤ ਨੇ ਠੀਕ ਰਾਸਤੇ ਪਾਇਆ ਹੋਵੇ ।
ਸਰਟੀਫੀਕੇਟ evaluate ਕਰਵਾਉਣ ਲਈ ਦੁਹਰਾਇਆ ਹੋਵੇ ।
ਅਗਲੇ ਦਿਨ ਬੰਦਾ evaluation ਲਈ ਕਿਸੇ ਵਿੱਚ ਕਿਤਾਰ ਹੋਵੇ ।
Evaluation ਵਿਚ ਸਰਟੀਫੀਕੇਟਾ ਦਾ ਥੱਬਾ ਬੇਕਾਰ ਹੋਵੇ ।
ਬੰਦਾ ਸਰਮ ਨਾਲ ਬੜਾ ਲਾਚਾਰ ਹੋਵਾ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਸਚਾਈ ਸਾਂਹਮਣੇ ਆਉਣ ਤੇ, ਬੰਦਾ ਪਹਿਲਾ ਲੱਗਿਆ security ਗਾਰਡ ਹੋਵੇ ।
India ਵੀ ਬੜਾ ਯਾਦ ਆਵੇ, ਪਰ ਮੰਨ 'ਚ' ਇਕ ਖਾਬ ਹੋਵੇ ।

ਜੇ ਕਿਤੇ ਬੀਅਰ ਦੀ ਬੋਤਲ ਖੁਲੀ ਹੋਵੇ ।
ਮੇਮ ਆਪਣੇ ਤੇ ਡੁਲੀ ਹੋਵੇ ।
ਬੈਠੀ ਵੈਨਕੋਵਰ ਬੀਚ ਦੇ ਵਿਚਕਾਰ ਹੋਵੇ ।
ਪੀਜਾ ਪਪਰੋਨੀ ਵਾਲਾ ਤਿਆਰ ਹੋਵੇ ।
ਕੋਲ BMW ਕਾਰ ਹੋਵੇ ।
ਨਿਤ ਨਵਾਂ ਬਾਹਾ 'ਚ' ਪਿਆਰ ਹੋਵੇ ।

ਆਲੇ-ਦੁਆਲੇ ਮੇਮਾ ਦਾ ਬਾਜਾਰ ਹੋਵੇ ।
ਇਕ ਲੱਤਾ ਘੁਟੇ, ਤੇ ਦੂਜੀ ਨਾਲ ਇਕਰਾਰ ਹੋਵੇ ।
ਚੜਿਆ ਇਸ਼ਕੇ ਦਾ ਖੁਮਾਰ ਹੋਵੇ ।

ਖਾਬ 'ਚ' ਅਜਿਹਾ ਕੋਈ ਨੇਕ ਜਿਹਾ ਵਿਚਾਰ ਹੋਵੇ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਚੰਗੀ ਨੌਕਰੀ ਲਈ ਕੀਤੀ ਕੋਸ਼ਿਸ਼ ਹਜਾਰ ਹੋਵੇ ।
Qualification improve ਕਰਨ ਤੇ ਰੋਜ ਵਿਚਾਰ ਹੋਵੇ ।
ਇਕ ਦਿਨ ਬੰਦਾ ਅੱਕ ਚੱਬਣ ਲਈ ਤਿਆਰ ਹੋਵੇ ।
ਇਕ ਨੌਕਰੀ ਲੱਭ ਕੇ ਵੀ, ਅਗਲੀ ਨੌਕਰੀ ਦੀ ਭਾਲ ਹੋਵੇ ।
ਕਦੇ ਗੰਦੀ administration, ਤੇ ਕਦੇ layoff ਦਾ ਸ਼ਕਾਰ ਹੋਵੇ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਕਈ ਵਾਰ ਇੰਨ੍ਹਾ ਦੇਸਾ 'ਚ' ਬਹੁਤ ਮਾਰ ਪਵੇ ।
Work, Weather, Wife ਤੇ ਨਾ ਅਤਵਾਰ ਹੋਵੇ ।
Office ਪਹੁਚਣ ਤੇ layoff ਦਾ notice ਤਿਆਰ ਹੋਵੇ ।
Office ਤੋ ਤੁਰਨ ਲੱਗੇ, ਮੌਸਮ ਬੜਾ ਹੀ ਖਰਾਬ ਹੋਵੇ ।
ਘਰ ਪਹੁਚਣ ਤੇ ਬੀਬੀ-ਬੱਚਿਆ ਸਮੇਤ ਫਰਾਰ ਹੋਵੇ ।
ਬੰਦਾ ਪੂਰੀ ਤਰਾ ਬਰਬਾਦ ਹੋਵੇ ।
Welfare ਲੈਣ ਲਈ ਲੱਗਾ ਵਿੱਚ ਕਤਾਰ ਹੋਵੇ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਕਈ ਸਾਲਾ ਬਾਅਦ, ਆਪਣਾ ਕੋਈ ਵਪਾਰ ਹੋਵੇ ।
ਭਾਵੇ Vancouver 'ਚ' ਟੈਕਸੀ ਚਲਾਵੇ,
ਜਾਂ ਲੱਗਿਆ Sydney 'ਚ' ਰੇਲਵੇ ਗਾਰਡ ਹੋਵੇ ।
World ਦਾ ਟੂਰ ਤਿਆਰ ਹੋਵੇ ।
New York ਦੇਖਣ ਦਾ ਵਿਚਾਰ ਹੋਵੇ ।
ਮੰਨ 'ਚ' India ਦਾ ਕੋਈ ਪੁਰਾਣਾ ਯਾਰ ਹੋਵੇ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

ਆਪਣਾ ਹੀ ਸੰਸਾਰ ਹੋਵੇ ।
ਖਾਬ ਪੂਰਾ ਹੋਣ ਦਾ ਇੰਤਯਾਰ ਹੋਵੇ ।
ਵਾਪਸ India ਆਉਣ ਦਾ ਸਤਾਉਦਾ ਇਕਰਾਰ ਹੋਵੇ ।
ਰੋਜ ਝੱਗੜਾ ਮੀਆ-ਬੀਬੀ ਵਿਚਕਾਰ ਹੋਵੇ ।
ਜੇ ਜਾਵਾ ਵਾਪਸ, ਤਾ ਬੀਬੀ ਫਰਾਰ ਹੋਵੇ ।
ਘਰ ਵਾਲੀ ਦਾ ਫਰਨੀਚਰ, ਤੇ ਬੱਚਿਆ ਦਾ future ਖਰਾਬ ਹੋਵੇ ।
ਇਹੀ ਸੋਚਦਾ-ਸੋਚਦਾ, ਇਕ ਦਿਨ 'ਸਰਜਿੰਦਰ' ਦੁਨੀਆ ਤੋ ਪਾਰ ਹੋਵੇ ।
ਇਸ topic ਤੇ, sarjinder@yahoo.com ਨਾਲ ਵਿਚਾਰ ਹੋਵੇ ।

ਆਪਣਾ ਹੀ ਸੰਸਾਰ ਹੋਵੇ ।
ਅੱਖੀਓ-ਹੀ-ਅੱਖੀਓ ਮੇਂ ਪਿਆਰ ਹੋਵੇ।
ਆਪਣਾ ਹੀ ਸੰਸਾਰ, ਆਪਣਾ ਹੀ ਸੰਸਾਰ ।

Archived at: www.geocities.com/sarjinder
Written by: Dr. Sarjinder Singh, Assistant Professor, St. Cloud State University, St. Cloud, MN, USA.
Note: All opinions are of author's own.